ਤੱਥ ਸ਼ੀਟ


PUNJABI | ਪੰਜਾਬੀ

hepatitis australia


# ਹੈਪੇਟਾਈਟਸ-ਸੀ ਦੀ ਜਾਂਚ ਅਤੇ ਇਲਾਜ: ਮਰੀਜ਼ਾਂ ਲਈ ਜਾਣਕਾਰੀ।

**ਇਹ ਗਾਈਡ ਤੁਹਾਨੂੰ ਉਨ੍ਹਾਂ ਵੱਖ-ਵੱਖ ਟੈਸਟਾਂ ਬਾਰੇ ਦੱਸਦੀ ਹੈ ਜੋ ਤੁਹਾਡਾ ਡਾਕਟਰ ਹੈਪੇਟਾਈਟਸ-ਸੀ ਬਾਰੇ ਤੁਹਾਡੀ ਮੱਦਦ ਕਰਨ ਲਈ ਕਰ ਸਕਦਾ ਹੈ।**

ਹੁਣ ਹੈਪੇਟਾਈਟਸ-ਸੀ ਵਾਲੇ ਜ਼ਿਆਦਾਤਰ ਮਰੀਜ਼ਾਂ ਦਾ GP ਸੁਰੱਖਿਅਤ ਢੰਗ ਨਾਲ ਪ੍ਰਬੰਧਨ ਅਤੇ ਇਲਾਜ ਕਰ ਸਕਦੇ ਹਨ। ਜ਼ਿਆਦਾਤਰ ਲੋਕ ਆਪਣੇ ਹੈਪੇਟਾਈਟਸ-ਸੀ ਤੋਂ ਛੁਟਕਾਰਾ ਪਾ ਸਕਦੇ ਹਨ।



# ਜੇਕਰ ਤੁਸੀਂ PCR ਵਾਇਰਲ ਖੋਜ ਟੈਸਟ ਵਿੱਚ ਪੌਜ਼ਟਿਵ ਟੈਸਟ ਆਉਂਦੇ ਹੋ, ਤਾਂ ਤੁਹਾਨੂੰ ਹੈਪੇਟਾਈਟਸ-ਸੀ ਹੈ।



ਹੈਪੇਟਾਈਟਸ-ਸੀ ਵਾਲੇ 95% ਲੋਕ ਸਿੱਧੇ ਅਸਰ ਕਰਨ ਵਾਲੇ ਐਂਟੀਵਾਇਰਲ (ਜਾਂ DAAs) ਨਾਲ ਹੈਪੇਟਾਈਟਸ-ਸੀ ਤੋਂ ਠੀਕ ਹੋ ਸਕਦੇ ਹਨ। ਉਹ ਲੈਣੇ ਆਸਾਨ ਹਨ ਅਤੇ ਜ਼ਿਆਦਾਤਰ ਲੋਕ ਕੋਈ ਮਾੜੇ ਪ੍ਰਭਾਵ ਮਹਿਸੂਸ ਨਹੀਂ ਕਰਦੇ ਹਨ।

ਤੁਹਾਡੇ ਲਈ ਕਿਹੜੀ ਦਵਾਈ ਸਭ ਤੋਂ ਵਧੀਆ ਹੈ ਇਹ ਪਤਾ ਲਗਾਉਣ ਲਈ ਤੁਹਾਡਾ ਡਾਕਟਰ ਕੁੱਝ ਟੈਸਟ ਕਰੇਗਾ ਅਤੇ ਤੁਹਾਨੂੰ ਕੁੱਝ ਸਵਾਲ ਪੁੱਛੇਗਾ। ਉਹਨਾਂ ਨੂੰ ਇਹ ਵੀ ਦੇਖਣ ਦੀ ਲੋੜ ਹੁੰਦੀ ਹੈ ਕਿ ਕੀ ਤੁਹਾਡੇ ਜਿਗਰ ਨੂੰ ਕੋਈ ਨੁਕਸਾਨ ਤਾਂ ਨਹੀਂ ਹੋਇਆ ਹੈ।

## ਹੋਰ ਟੈਸਟ

1

### ਜੀਨੋਟਾਈਪ ਟੈਸਟ

ਹੈਪੇਟਾਈਟਸ-ਸੀ ਵਾਇਰਸ ਦੇ 6 ਵੱਖ-ਵੱਖ ਜੀਨੋਟਾਈਪ (ਜਾਂ ਕਿਸਮਾਂ) ਹਨ। ਤੁਹਾਡੇ ਡਾਕਟਰ ਨੂੰ ਇਹ ਫ਼ੈਸਲਾ ਕਰਨ ਦੀ ਲੋੜ ਹੋ ਸਕਦੀ ਹੈ ਕਿ ਤੁਹਾਨੂੰ ਕਿਹੜੀ ਕਿਸਮ ਦੀ ਦਵਾਈ ਸਭ ਤੋਂ ਵੱਧ ਮੱਦਦ ਕਰੇਗੀ।

2

### ਸਿਰੋਸਿਸ ਲਈ ਟੈਸਟ (ਜਿਗਰ ਦੇ ਗੰਭੀਰ ਜ਼ਖ਼ਮ)

ਕਈ ਤਰ੍ਹਾਂ ਦੇ ਟੈਸਟ ਹਨ ਜਿਨ੍ਹਾਂ ਦੀ ਵਰਤੋਂ ਤੁਹਾਡਾ ਡਾਕਟਰ ਇਹ ਪਤਾ ਕਰਨ ਲਈ ਕਰ ਸਕਦਾ ਹੈ ਕਿ ਕੀ ਜਿਗਰ ਨੂੰ ਕੋਈ ਨੁਕਸਾਨ ਹੋਇਆ ਹੈ। ਵਰਤੇ ਗਏ ਟੈਸਟ ਦੀ ਕਿਸਮ ਇਸ ਗੱਲ 'ਤੇ ਨਿਰਭਰ ਕਰ ਸਕਦੀ ਹੈ ਕਿ ਤੁਸੀਂ ਜਿਸ ਖੇਤਰ ਵਿੱਚ ਰਹਿੰਦੇ ਹੋ, ਉੱਥੇ ਕੀ ਉਪਲਬਧ ਹਨ:

- **ਖ਼ੂਨ ਦੇ ਟੈਸਟ:** ਇਹ ਤੁਹਾਡੇ ਜਿਗਰ ਦੀ ਜਾਂਚ ਕਰਦਾ ਅਤੇ ਦੇਖਦਾ ਹੈ ਕਿ ਕੀ ਕੋਈ ਨੁਕਸਾਨ ਹੋਇਆ ਹੈ।
- **ਫਾਈਬਰੋਸਕੈਨ (ਅਸਥਾਈ ਇਲਾਸਟੋਗ੍ਰਾਫੀ):** ਇਹ ਇੱਕ ਅਲਟਰਾਸਾਊਂਡ ਵਰਗਾ ਝੱਟਪਟ ਹੋਣ ਵਾਲਾ ਟੈਸਟ ਹੈ ਜੋ ਦਰਦ-ਮੁਕਤ ਹੁੰਦਾ ਹੈ। ਇਹ ਤੁਹਾਡੇ ਜਿਗਰ ਦੀ ਕਠੋਰਤਾ ਨੂੰ ਮਾਪਦਾ ਹੈ।

3

### HCV RNA ਟੈਸਟ (ਇਸਨੂੰ ਕਈ ਵਾਰ PCR ਟੈਸਟ ਕਿਹਾ ਜਾਂਦਾ ਹੈ)

ਇਹ ਖ਼ੂਨ ਟੈਸਟ ਜਾਂਚਦਾ ਹੈ ਕਿ ਤੁਹਾਡੇ ਖ਼ੂਨ ਵਿੱਚ ਹੈਪੇਟਾਈਟਸ-ਸੀ ਵਾਇਰਸ ਦੀ ਕਿੰਨੀ ਮਾਤਰਾ ਹੈ। ਇਹ ਟੈਸਟ ਆਮ ਤੌਰ 'ਤੇ ਸਿਰਫ਼ ਇਹ ਦੇਖਣ ਲਈ ਵਰਤਿਆ ਜਾਂਦਾ ਹੈ ਕਿ ਕੀ ਤੁਹਾਨੂੰ ਹੈਪੇਟਾਈਟਸ-ਸੀ ਹੈ। ਤੁਸੀਂ ਇਹ ਯਕੀਨੀ ਬਣਾਉਣ ਲਈ ਇਲਾਜ ਤੋਂ 12 ਹਫ਼ਤਿਆਂ ਬਾਅਦ ਵੀ ਇਸ ਦੀ ਵਰਤੋਂ ਕਰ ਸਕਦੇ ਹੋ।

4

### ਤੁਹਾਡੇ ਖ਼ੂਨ ਵਿਚਲੇ ਹੋਰ ਵਾਇਰਸਾਂ ਲਈ ਟੈਸਟ

ਜੇਕਰ ਤੁਹਾਨੂੰ ਹੈਪੇਟਾਈਟਸ-ਸੀ ਹੈ, ਤਾਂ ਇਹ ਸੰਭਵ ਹੈ ਕਿ ਤੁਹਾਨੂੰ ਇੱਕ ਹੋਰ ਖ਼ੂਨ ਨਾਲ ਫ਼ੈਲਣ ਵਾਲਾ ਵਾਇਰਸ ਵੀ ਹੋਵੇ। ਤੁਹਾਡਾ ਡਾਕਟਰ ਤੁਹਾਨੂੰ HIV ਅਤੇ ਹੈਪੇਟਾਈਟਸ-ਬੀ ਲਈ ਟੈਸਟ ਕਰਵਾਉਣ ਦਾ ਸੁਝਾਅ ਦੇ ਸਕਦਾ ਹੈ।

# ਸਵਾਲ, ਜੋ ਤੁਹਾਡਾ ਡਾਕਟਰ ਤੁਹਾਨੂੰ ਪੁੱਛ ਸਕਦਾ ਹੈ

ਤੁਹਾਡਾ ਡਾਕਟਰ ਤੁਹਾਨੂੰ ਤੁਹਾਡੇ ਡਾਕਟਰੀ ਇਤਿਹਾਸ ਬਾਰੇ ਕੁੱਝ ਹੋਰ ਸਵਾਲ ਪੁੱਛ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਹੈ ਕਿ ਇਹ ਦਵਾਈ ਤੁਹਾਡੇ ਲਈ ਸੁਰੱਖਿਅਤ ਹੈ। ਤੁਹਾਨੂੰ ਤਿਆਰ ਹੋਣ ਵਿੱਚ ਮੱਦਦ ਕਰਨ ਲਈ ਇਹਨਾਂ ਵਿੱਚੋਂ ਕੁੱਝ ਸਵਾਲ ਹੇਠਾਂ ਦਿੱਤੇ ਗਏ ਹਨ।

### ਕੀ ਤੁਸੀਂ ਕੋਈ ਹੋਰ ਦਵਾਈਆਂ ਲੈ ਰਹੇ ਹੋ?

ਤੁਹਾਨੂੰ ਉਹਨਾਂ ਨੂੰ ਉਹਨਾਂ ਸਾਰੀਆਂ ਦਵਾਈਆਂ ਬਾਰੇ ਦੱਸਣਾ ਚਾਹੀਦਾ ਹੈ ਜੋ ਤੁਸੀਂ ਲੈ ਰਹੇ ਹੋ ਭਾਵੇਂ ਤੁਸੀਂ ਉਹਨਾਂ ਨੂੰ ਮਹੱਤਵਪੂਰਨ ਨਹੀਂ ਸਮਝਦੇ ਹੋ। ਇਸ ਵਿੱਚ ਸਪਲੀਮੈਂਟ, ਹਰਬਲ, ਰਵਾਇਤੀ ਚੀਨੀ ਅਤੇ ਓਵਰ-ਦ-ਕਾਊਂਟਰ ਮਿਲਣ ਵਾਲੀਆਂ ਦਵਾਈਆਂ ਸ਼ਾਮਲ ਹਨ। ਇਹ ਸਭ ਹੈਪੇਟਾਈਟਸ-ਸੀ ਦੀਆਂ ਦਵਾਈਆਂ ਨਾਲ ਰਲ ਸਕਦੇ ਹਨ ਅਤੇ ਕੁੱਝ ਤੁਹਾਡੇ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

### ਕੀ ਤੁਹਾਨੂੰ ਕੋਈ ਹੋਰ ਡਾਕਟਰੀ ਸਮੱਸਿਆਵਾਂ ਹਨ?

ਜੇਕਰ ਤੁਹਾਨੂੰ ਕੋਈ ਹੋਰ ਬਿਮਾਰੀ ਹੈ ਤਾਂ ਆਪਣੇ ਡਾਕਟਰ ਨੂੰ ਇਸ ਬਾਰੇ ਦੱਸੋ। ਇਸਦਾ ਮਤਲਬ ਹੈ ਕਿ ਉਹ ਇਹ ਯਕੀਨੀ ਬਣਾ ਸਕਦੇ ਹਨ ਕਿ ਇਹ ਹੈਪੇਟਾਈਟਸ ਦੇ ਇਲਾਜ ਦੁਆਰਾ ਪ੍ਰਭਾਵਿਤ ਨਾ ਹੋਵੇ। ਕੁੱਝ ਸਿਹਤ ਸਮੱਸਿਆਵਾਂ ਲਈ, ਤੁਹਾਨੂੰ ਕਿਸੇ ਮਾਹਰ ਡਾਕਟਰ ਨੂੰ ਮਿਲਣ ਦੀ ਲੋੜ ਹੋ ਸਕਦੀ ਹੈ।

### ਤੁਸੀਂ ਕਿੰਨੀ ਸ਼ਰਾਬ ਪੀਂਦੇ ਹੋ?

ਕਿਉਂਕਿ ਹੈਪੇਟਾਈਟਸ-ਸੀ ਤੁਹਾਡੇ ਜਿਗਰ ਨੂੰ ਪ੍ਰਭਾਵਿਤ ਕਰਦਾ ਹੈ, ਸ਼ਰਾਬ ਕਿਸੇ ਵੀ ਪਹਿਲਾਂ ਤੋਂ ਹੋਏ ਜਿਗਰ ਦੇ ਨੁਕਸਾਨ ਨੂੰ ਬਦਤਰ ਕਰ ਸਕਦੀ ਹੈ। ਜੇਕਰ ਤੁਹਾਨੂੰ ਸ਼ਰਾਬ ਦੀ ਮਾਤਰਾ ਨੂੰ ਘੱਟ ਕਰਨ ਲਈ ਮੱਦਦ ਦੀ ਲੋੜ ਹੈ ਤਾਂ ਤੁਸੀਂ ਆਪਣੇ ਡਾਕਟਰ ਨਾਲ ਗੱਲ ਕਰ ਸਕਦੇ ਹੋ।

### ਕੀ ਤੁਸੀਂ ਨਸ਼ਿਆਂ ਦੀ ਵਰਤੋਂ ਕਰਦੇ ਹੋ?

ਜੇ ਤੁਸੀਂ ਕੋਈ ਗ਼ੈਰ-ਕਾਨੂੰਨੀ ਨਸ਼ੇ ਵਰਤਦੇ ਹੋ ਤਾਂ ਆਪਣੇ ਡਾਕਟਰ ਨੂੰ ਇਸ ਬਾਰੇ ਦੱਸਣਾ ਮਹੱਤਵਪੂਰਨ ਹੈ। ਉਦਾਹਰਨ ਲਈ, ਸਟੀਰੌਇਡ ਜਾਂ ਭੰਗ। ਜੋ ਵੀ ਤੁਸੀਂ ਆਪਣੇ ਡਾਕਟਰ ਨੂੰ ਦੱਸਦੇ ਹੋ, ਉਹ ਗੁਪਤ ਰੱਖਿਆ ਜਾਂਦਾ ਹੈ।

NATIONAL HEPATITIS INFOLINE
1800 437 222

### ਹੋਰ ਜਾਣਕਾਰੀ

ਤੁਸੀਂ www.hepatitisaustralia.com 'ਤੇ ਜਾ ਕੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

ਹਵਾਲੇ
ਰਾਸ਼ਟਰੀ ਹੈਪੇਟਾਈਟਸ-ਸੀ ਟੈਸਟ ਕਰਨ ਦੀ ਨੀਤੀ 2020, ASHM

ਇਹ ਸਰੋਤ ਸਿਰਫ਼ ਆਮ ਜਾਣਕਾਰੀ ਲਈ ਪ੍ਰਦਾਨ ਕੀਤਾ ਗਿਆ ਹੈ ਅਤੇ ਇਸਦਾ ਇਰਾਦਾ ਕਾਨੂੰਨੀ ਜਾਂ ਡਾਕਟਰੀ ਸਲਾਹ ਨੂੰ ਬਦਲਣ ਦਾ ਨਹੀਂ ਹੈ। ਅਸੀਂ ਤੁਹਾਨੂੰ ਇੱਥੇ ਪ੍ਰਦਾਨ ਕੀਤੀ ਜਾਣਕਾਰੀ ਦੇ ਆਧਾਰ 'ਤੇ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਆਪਣੀ ਖੁਦ ਦੀ ਸਲਾਹ ਲੈਣ ਲਈ ਉਤਸ਼ਾਹਿਤ ਕਰਦੇ ਹਾਂ।

hepatitis australia